**ਮਾਪਿਆਂ ਲਈ ਸਰਵੇਖਣ**

# ਪਿਛੋਕੜ ਅਤੇ ਪ੍ਰਸੰਗ

ਮਾਰਚ 2020 ਤੋਂ, ਰਿਚਮੰਡ ਦੇ ਸੈਕੰਡਰੀ ਸਕੂਲਾਂ ਨੇ ਚੱਲ ਰਹੀ ਮਹਾਂਮਾਰੀ ਦੇ ਕਾਰਨ ਸੂਬਾਈ ਸਿਹਤ ਦਫ਼ਤਰ ਦੀਆਂ ਲਾਜ਼ਮੀ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਸੰਗਠਨਾਤਮਕ ਢਾਂਚੇ ਨੂੰ ਅਨੁਕੂਲ ਬਣਾਇਆ ਹੈ। ਇਸ ਸਮੇਂ ਦੌਰਾਨ, ਸੈਕੰਡਰੀ ਸਕੂਲਾਂ ਨੂੰ ਔਨਲਾਈਨ ਪੜਾਈ, ਤਿਮਾਹੀ ਪ੍ਰਣਾਲੀ ਦੇ ਅੰਦਰ ਸਮੂਹ ਗਰੁੱਪਿੰਗ, ਅਤੇ ਸਮੈਸਟਰ ਪ੍ਰਣਾਲੀ ਦੁਆਰਾ ਆਯੋਜਿਤ ਕੀਤਾ ਗਿਆ ਹੈ। ਸਾਡੇ ਦਸ ਸੈਕੰਡਰੀ ਸਕੂਲਾਂ ਵਿੱਚੋਂ ਅੱਠ ਨੇ ਸਕੂਲ ਦੇ ਇਸ ਸਾਲ ਆਪਣੇ ਹਫ਼ਤਾਵਾਰੀ ਕਾਰਜਕ੍ਰਮ ਵਿੱਚ ਪਰਸਨਲ ਲਰਨਿੰਗ ਟਾਈਮ (PLT) (ਨਿੱਜੀ ਸਿਖਲਾਈ ਸਮਾਂ) ਸ਼ਾਮਲ ਕੀਤਾ ਹੈ। PLT ਸਕੂਲੀ ਦਿਨ ਦੌਰਾਨ ਪੜ੍ਹਾਈ ਦਾ ਸਮਾਂ ਹੁੰਦਾ ਹੈ ਜਦੋਂ ਵਿਦਿਆਰਥੀ ਅਧਿਆਪਕਾਂ ਤੋਂ ਉਪਲਬਧ ਸਹਾਇਤਾ ਨਾਲ, ਸੁਤੰਤਰ, ਸਵੈ-ਨਿਰਦੇਸ਼ਿਤ ਸਿਖਲਾਈ ਵਿੱਚ ਸ਼ਾਮਲ ਹੋਣ ਦੇ ਯੋਗ ਹੁੰਦੇ ਹਨ। PLT ਦੇ ਦੌਰਾਨ, ਵਿਦਿਆਰਥੀਆਂ ਨੂੰ ਉਹਨਾਂ ਦੀ ਸਿਖਲਾਈ ਬਾਰੇ ਚੋਣ ਅਤੇ ਮਾਲਕੀ ਦਿੱਤੀ ਜਾਂਦੀ ਹੈ ਜਦੋਂ ਕਿ ਸਟਾਫ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਸਮੂਹਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹੁੰਦਾ ਹੈ।

ਮਹਾਂਮਾਰੀ ਦੇ ਦੌਰਾਨ, ਅਸੀਂ ਉਹਨਾਂ ਸੰਗਠਨਾਤਮਕ ਢਾਂਚਿਆਂ 'ਤੇ ਵਾਪਸ ਜਾਣ ਦੀ ਉਮੀਦ ਕੀਤੀ ਹੈ ਜੋ ਪਹਿਲਾਂ ਮੌਜੂਦ ਸਨ। ਇਹ ਸੈਕੰਡਰੀ ਸਕੂਲਾਂ ਨੂੰ ਅੱਗੇ ਵਧਣ ਵਾਲੀਆਂ ਸੰਭਾਵੀ ਤਬਦੀਲੀਆਂ 'ਤੇ ਵਿਚਾਰ ਕਰਨ ਲਈ ਆਪਣੇ ਭਾਈਚਾਰਿਆਂ ਨਾਲ ਜੁੜਨ ਦੀ ਆਗਿਆ ਦੇਵੇਗਾ। ਇਸ ਦੇ ਨਾਲ ਹੀ, ਜ਼ਿਲ੍ਹਾ ਸਿਹਤ ਅਤੇ ਸੁਰੱਖਿਆ ਦੀਆਂ ਸਾਰੀਆਂ ਲੋੜਾਂ ਲਈ ਸੂਬਾਈ ਸਿਹਤ ਦਫ਼ਤਰ ਅਤੇ ਸਿੱਖਿਆ ਮੰਤਰਾਲੇ ਦੁਆਰਾ ਮਾਰਗਦਰਸ਼ਨ ਕਰਨਾ ਜਾਰੀ ਰੱਖੇਗਾ, ਜੋ 2022-23 ਸਕੂਲੀ ਸਾਲ ਲਈ ਦੂਸਰੇ ਢਾਂਚਿਆਂ ਬਾਰੇ ਫੈਸਲਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ।

## ਸਰਵੇਖਣ ਦਾ ਮਕਸਦ

ਇਸ ਸਰਵੇਖਣ ਦਾ ਉਦੇਸ਼ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਸਹਾਇਕ ਸਟਾਫ਼, ਅਤੇ ਪ੍ਰਬੰਧਕਾਂ ਤੋਂ ਉੱਪਰ ਦਿੱਤੇ ਦੂਸਰੇ ਢਾਂਚਿਆਂ ਦੇ ਨਾਲ ਉਹਨਾਂ ਦੇ ਤਜ਼ਰਬਿਆਂ ਦੇ ਬਾਰੇ ਵਿੱਚ ਫੀਡਬੈਕ/ਦ੍ਰਿਸ਼ਟੀਕੋਣ ਇਕੱਠੇ ਕਰਨਾ ਹੈ। ਇਹ ਜਾਣਕਾਰੀ ਪ੍ਰੋਵਿੰਸ਼ੀਅਲ (ਸੂਬਾਈ) ਹੈਲਥ ਅਫਸਰ (PHO) ਅਤੇ ਸਿੱਖਿਆ ਮੰਤਰਾਲੇ ਤੋਂ ਸਿਹਤ ਅਤੇ ਸੁਰੱਖਿਆ ਮਾਰਗਦਰਸ਼ਨ ਦੇ ਨਾਲ ਇਕਸਾਰ ਰਹਿੰਦੇ ਹੋਏ, ਰਿਚਮੰਡ ਸਕੂਲ ਡਿਸਟ੍ਰਿਕਟ ਦਾ ਇੱਕ ਅਹਿਮ ਹਿਸਾ ਹੁੰਦੇ ਹੋਏ, ਸਹਿਯੋਗੀ ਫੈਸਲੇ ਲੈਣ ਵਿੱਚ ਸਹਾਇਤਾ ਕਰੇਗੀ।

ਇਸ ਸਰਵੇਖਣ ਨੂੰ ਪੂਰਾ ਕਰਨ ਲਈ ਪਹਿਲਾਂ ਤੋਂ ਹੀ ਤੁਹਾਡਾ ਧੰਨਵਾਦ। ਤੁਹਾਡੀ ਫੀਡਬੈਕ ਬਹੁਤ ਮਹੱਤਵਪੂਰਨ ਹੈ ਅਤੇ 2022-2023 ਲਈ ਦੂਸਰੇ ਸੰਗਠਨਾਤਮਕ ਢਾਂਚਿਆਂ ਨੂੰ ਆਕਾਰ ਦੇਣ ਵਿੱਚ ਸਾਡੇ ਜ਼ਿਲ੍ਹੇ ਦੀ ਮਦਦ ਕਰੇਗੀ।

1. ਤੁਹਾਡਾ ਬੱਚਾ (ਬੱਚੇ) ਕਿਹੜੇ ਸੈਕੰਡਰੀ ਸਕੂਲ ਵਿੱਚ ਪੜ੍ਹਦਾ (ਪੜ੍ਹਦੇ) ਹਨ?
   - ਬੋਅਡ
   - ਮੈਕਨੇਅਰ
2. ਤੁਹਾਡਾ ਬੱਚਾ ਕਿਹੜੇ ਗ੍ਰੇਡ ਵਿੱਚ ਹੈ (ਜੇ ਇੱਕ ਤੋਂ ਵੱਧ ਬੱਚੇ ਸਕੂਲ ਵਿੱਚ ਹਨ ਤਾਂ ਕਿਰਪਾ ਕਰਕੇ ਜੇ ਲਾਗੂ ਹੁੰਦਾ ਹੈ ਤਾਂ ਇੱਕ ਤੋਂ ਵੱਧ ਗ੍ਰੇਡ ਚੁਣੋ)?
   - ਗ੍ਰੇਡ 8
   - ਗ੍ਰੇਡ 9
   - ਗ੍ਰੇਡ 10
   - ਗ੍ਰੇਡ 11
   - ਗ੍ਰੇਡ 12
3. ਤੁਹਾਡੇ ਅਨੁਸਾਰ ਤੁਹਾਡੇ ਬੱਚੇ (ਬੱਚਿਆਂ) ਦੇ ਸਿੱਖਣ ਲਈ ਕਿਹੜਾ ਟਾਈਮਟੇਬਲ ਸਭ ਤੋਂ ਵਧੀਆ ਹੈ? (ਇੱਕ ਚੁਣੋ)
   - ਸਿੱਧਾ (8 ਕਲਾਸਾਂ - ਸਤੰਬਰ ਤੋਂ ਜੂਨ)
   - ਸਮੇਸਟਰ (4 ਕਲਾਸਾਂ - ਸਤੰਬਰ ਤੋਂ ਜਨਵਰੀ, 4 ਕਲਾਸਾਂ - ਫਰਵਰੀ ਤੋਂ ਜੂਨ)
   - ਤਿਮਾਹੀ (2 ਕਲਾਸਾਂ ਪ੍ਰਤੀ ਤਿਮਾਹੀ, 4 ਤਿਮਾਹੀ ਪ੍ਰਤੀ ਸਾਲ)
   - ਦੋ ਤਰ੍ਹਾਂ ਦਾ (ਸਿੱਧਾ ਅਤੇ ਸਮੈਸਟਰ ਮਿਲਾ ਕੇ)
   - ਪੱਕਾ ਨਹੀਂ ਪਤਾ
4. ਕਿਰਪਾ ਕਰਕੇ ਸਵਾਲ #3 ਦੇ ਆਪਣੇ ਜਵਾਬ ਦਾ ਕਾਰਨ ਦੱਸੋ।
   - ਖੁੱਲੇ ਜਵਾਬ) (ਸੀਮਿਤ ਅੱਖਰਾਂ ਵਿੱਚ ਜਵਾਬ ਦਿਓ)

5. ਪਰਸਨਲ ਲਰਨਿੰਗ ਟਾਈਮ (PLT) ਸਕੂਲੀ ਦਿਨ ਦੇ ਅੰਦਰ ਲਚਕੀਲਾ ਸਮਾਂ ਹੁੰਦਾ ਹੈ ਅਤੇ ਇਸਦਾ ਮਕਸਦ ਵਿਦਿਆਰਥੀਆਂ ਵਿੱਚ ਏਜੰਸੀ, ਨਿੱਜੀ ਜ਼ਿੰਮੇਵਾਰੀ, ਸਵੈ-ਪ੍ਰਤੀਬਿੰਬ, ਟੀਚਾ ਬਨਾਉਣ, ਅਤੇ ਅਜਾਦੀ ਵਿਕਸਿਤ ਕਰਨਾ ਹੁੰਦਾ ਹੈ। ਇਹ ਸਕੂਲ ਦੇ ਦਿਨ ਦੇ ਅੰਦਰ ਨਿਯਤ ਸਮਾਂ ਹੁੰਦਾ ਹੈ ਜਿੱਥੇ ਵਿਦਿਆਰਥੀ ਇਹ ਚੁਣਦੇ ਹਨ ਕਿ ਉਹ ਕੀ ਅਤੇ ਕਿੱਥੇ ਸਿੱਖਦੇ ਹਨ। ਕੀ ਤੁਸੀਂ ਮੰਨਦੇ ਹੋ ਕਿ ਸਕੂਲ ਦੇ ਟਾਈਮਟੇਬਲ ਵਿੱਚ PLT ਸ਼ਾਮਲ ਕਰਨਾ ਤੁਹਾਡੇ ਬੱਚੇ ਦੀ ਸਿੱਖਣ, ਨਿੱਜੀ ਸਫਲਤਾ ਅਤੇ ਤੰਦਰੁਸਤੀ ਲਈ ਲਾਭਦਾਇਕ ਹੋਵੇਗਾ?

- ਹਾਂ
- ਨਹੀਂ
- ਪੱਕਾ ਨਹੀਂ ਪਤਾ

6. ਕਿਰਪਾ ਕਰਕੇ ਟਾਈਮਟੇਬਲ ਦੇ ਢਾਂਚੇ ਅਤੇ/ਜਾਂ ਪਰਸਨਲ ਲਰਨਿੰਗ ਟਾਈਮ (PLT) ਲਈ ਕੋਈ ਹੋਰ ਵਿਚਾਰ ਜਾਂ ਫੀਡਬੈਕ ਦਿਓ।

-ਖੁੱਲ੍ਹੇ ਜਵਾਬ (ਸੀਮਿਤ ਅੱਖਰ)